# ਰੋਜਾਨਾ ਕਰਾਇਮ ਰਿਪੋਰਟ ਮਿਤੀ 15.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਸਦਰ ਸ਼੍ਰੀ ਮੁਕਤਸਰ ਸਾਹਿਬ | 134 ਮਿਤੀ 14.07.2024 ਅ/ਧ 22B/61/85 NDPS ACT | ਪਿੰਡ ਰੁਪਾਣਾ | ਸ:ਥ ਮੋਹਨ ਸਿੰਘ | ਲਵਪ੍ਰੀਤ ਸਿੰਘ ਉਰਫ ਲੱਭਾ ਪੁੱਤਰ ਤਰਸੇਮ ਸਿੰਘ ਵਾਸੀ ਨੇੜੇ ਗਰਲਜ਼ ਹੋਸਟਲ ਰੁਪਾਣਾ | ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਸ:ਥ ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਅਤੇ ਮੋਬਾਈਲ ਨਾਕਾਬੰਦੀ ਚੌਕੀ ਰੁਪਾਣਾ ਤੋਂ ਹੁੰਦੇ ਹੋਏ ਸੇਤੀਆ ਪੇਪਰ ਮਿੱਲ ਦੇ ਨਾਲ ਦੀ ਸੜਕ ਰਾਹੀਂ ਹੁੰਦੇ ਹੋਏ ਗੋਨਿਆਣਾ-ਭੰਗਚੜੀ ਰੋਡ ਰਾਹੀਂ ਚੋਰਸਤਾ ਬਾਹੱਦ ਪਿੰਡ ਰੁਪਾਣਾ ਜਾ ਰਿਹਾ ਸੀ। ਜਦੋਂ ਪੁਲਿਸ ਪਾਰਟੀ ਨਜਦੀਕ ਚੌਰਸਤਾ ਪੁੱਜੀ ਤਾਂ ਪਿੰਡ ਰੁਪਾਣਾ ਵੱਲੋਂ ਇੱਕ ਨੌਜਵਾਨ ਆਪਣੇ ਖੱਬੇ ਹੱਥ ਵਿੱਚ ਇੱਕ ਲਿਫਾਫਾ ਮੋਮੀ ਪਾਰਦਰਸ਼ੀ ਫੜੀ ਪੈਦਲ ਆਉਂਦਾ ਦਿਖਾਈ ਦਿੱਤਾ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪੁੱਠਾ ਮੁੜਨ ਲੱਗਾ।ਜਿਸ ਨੂੰ ਉਸਨੇ ਆਪਣੀ ਗੱਡੀ ਰੁਕਵਾ ਕੇ ਸਾਥੀਆਂ ਦੀ ਮਦਦ ਨਾਲ ਕਾਬੂ ਕੀਤਾ ।ਜਿਸ ਦੇ ਹੱਥ ਵਿੱਚ ਫੜੇ ਲਿਫਾਫਾ ਮੋਮੀ ਪਾਰਦਰਸ਼ੀ ਵਿੱਚੋਂ ਨਸ਼ੀਲੀਆਂ ਗੋਲੀਆਂ ਦੇ ਪੱਤੇ ਸ਼ਰੇਆਮ ਦਿਖਾਈ ਦੇ ਰਹੇ ਹਨ। ਇਸ ਲਈ ਉਸਨੇ ਲਵਪ੍ਰੀਤ ਸਿੰਘ ਨੂੰ ਸਾਥੀ ਕ੍ਰਮਚਾਰੀਆਂ ਦੀ ਮਦਦ ਨਾਲ ਮੌਕਾ ਪਰ ਰੋਕਿਆ ਹੋਇਆ ਹੈ ਫਿਰ ਛਜ ਪ੍ਰਿਤਪਾਲ ਸਿੰਘ ਵੱਲੋ ਮੌਕਾ ਪਰ ਪੁੱਜ ਕੇ ਲਵਪ੍ਰੀਤ ਸਿੰਘ ਉਰਫ ਲੱਭੂ ਉੱਕਤ ਦੀ ਇੱਛਾ ਅਨੁਸਾਰ ਉਸ ਦੇ ਲਿਫਾਫਾ ਮੋਮੀ ਦੀ ਨੂੰ ਚੈਕ ਕੀਤਾ ਤਾਂ ਉਸ ਵਿੱਚੋਂ 05 ਪੱਤੇ (ਹਰ ਇੱਕ ਪੱਤਾ 10/10 ਗੋਲੀਆਂ) ਕੁੱਲ 50 ਗੋਲੀਆਂ Alpcore 0.5mg(Alprazolam Tablets IP 0.5mg) ਬ੍ਰਾਮਦ ਹੋਈਆ ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | 50 ਨਸ਼ੀਲੀਆ ਗੋਲੀਆ | ਐਸ ਆਈ ਪ੍ਰਿਤਪਾਲ ਸਿੰਘ |
| 2 | ਸਦਰ ਮਲੋਟ | 71 ਮਿਤੀ 14.07.2024 ਅ/ਧ 281,125(A), 324(4) BNS | ਪਿੰਡ ਔਲਖ | ਓਮ ਪ੍ਰਕਾਸ਼ ਪੁੱਤਰ ਗੰਗਾ ਰਾਮ ਵਾਸੀ ਪਿੰਡ ਰਾਮਨਗਰ ਖਜ਼ਾਨ ਸਿੰਘ | ਨਿਰਭੈ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਰਾਣੀਵਾਲਾ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਓਮ ਪ੍ਰਕਾਸ਼ ਪੁੱਤਰ ਗੰਗਾ ਰਾਮ ਵਾਸੀ ਪਿੰਡ ਰਾਮਨਗਰ ਖਜਾਨ ਸਿੰਘ ਮਿਤੀ 05.07.2024 ਨੂੰ ਪਿੰਡ ਰਾਮਨਗਰ ਖਜਾਨ ਸਿੰਘ ਤੋਂ ਆਪਣੀ ਸਕੂਟਰੀ TVS ਨੰਬਰੀ PB 53B9689 ਪਰ ਪਿੰਡ ਔਲਖ ਤੋਂ ਘਰੇਲੂ ਕੰਮ ਕਾਰ ਕਰਨ ਲਈ ਆਇਆ ਸੀ। ਓਮ ਪ੍ਰਕਾਸ਼ ਉਕਤ ਆਪਣਾ ਘਰੇਲੂ ਕੰਮ ਕਾਰ ਕਰਨ ਤੋਂ ਬਾਅਦ ਆਪਣੇ ਪਿੰਡ ਰਾਮਨਗਰ ਖਜਾਨ ਸਿੰਘ ਨੂੰ ਆ ਰਿਹਾ ਸੀ ਜਦ ਉਹ ਖੁਰਾਣਾ ਪੈਟਰੋਲ ਪੰਪ ਪਰ ਔਲਖ ਪਰ ਬਾਥਰੂਮ ਕਰਨ ਲਈ ਰੁਕ ਗਿਆ ਉਹ ਬਾਥਰੂਮ ਕਰਨ ਤੋਂ ਬਾਅਦ ਆਪਣੀ ਸਕੂਟਰੀ ਸ਼ੜਕ ਪਰ ਚੜਾਉਣ ਲਈ ਆਪਣੇ ਹੱਥ ਖੜਾ ਸੀ ਤਾਂ ਮਲੋਟ ਸਾਈਡ ਦੀ ਤਰਫੋਂ ਪੰਜਾਬ ਰੋਡਵੇਜ ਬੱਸ ਸ਼੍ਰੀ ਮੁਕਤਸਰ ਸਾਹਿਬ ਨੂੰ ਜਾਣ ਲਈ ਬਹੁਤ ਹੀ ਤੇਜ ਰਫਤਾਰ ਨਾਲ ਆ ਰਹੀ ਸੀ ਬੱਸ ਡਰਾਇਵਰ ਨੇ ਬੱਸ ਦੀ ਪਿਛਲੀ ਸਾਈਡ ਤੋਂ ਓਮ ਪ੍ਰਕਾਸ਼ ਉਕਤ ਦੀ ਸਕੂਟਰੀ ਵਿੱਚ ਫੇਟ ਮਾਰੀ ਬੱਸ ਦੀ ਫੇਟ ਵੱਜਣ ਕਰਕੇ ਉਸਦੀ ਸਕੂਟਰੀ ਸ਼ੜਕ ਪਰ ਡਿੱਗ ਪਈ ਡਿੱਗਣ ਕਰਕੇ ਉਸਦੀ ਖੱਬੀ ਲੱਤ ਅਤੇ ਸੱਜੇ ਚੂਲੇ ਪਰ ਸੱਟ ਲੱਗ ਗਈ ਅਤੇ ਉਸਦੀ ਸਕੂਟਰੀ ਦਾ ਵੀ ਕਾਫੀ ਨੁਕਸਾਨ ਹੋ ਗਿਆ। ਜੋ ਬੱਸ ਨੰਬਰੀ PB 30H 9947 ਨੂੰ ਡਰਾਇਵਰ ਨਿਰਭੈ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਰਾਣੀਵਾਲਾ ਚਲਾ ਰਿਹਾ ਸੀ।ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। |  | ਸ:ਥ ਜਸਕਰਨ ਸਿੰਘ |
| 3 | ਸਿਟੀ ਸ਼੍ਰੀ ਮੁਕਤਸਰ ਸਾਹਿਬ | 121 ਮਿਤੀ 14.07.2024 ਅ/ਧ 61/1/14 EX ACT | ਨੇੜੇ ਬੂੜਾ ਗੁੱਜਰ ਫਾਟਕ ਸ਼੍ਰੀ ਮੁਕਤਸਰ ਸਾਹਿਬ | ਰੁੱਕਾ ਵੱਲੋ: ਸ:ਥ ਰਛਪਾਲ ਸਿੰਘ | 1. ਲਖਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਗਲੀ ਨੰ: 06 ਗਾਂਧੀ ਨਗਰ ਸ਼੍ਰੀ ਮੁਕਸਤਰ ਸਾਹਿਬ<br>2. ਦਵਿੰਦਰ ਸਿੰਘ ਉਰਫ ਲਾਲੀ ਪੁੱਤਰ ਪ੍ਰਗਟ ਸਿੰਘ ਵਾਸੀ ਉੱਚਾ ਵਿਹੜਾ ਨੇੜੇ ਨਿਹੰਗਾ ਵਾਲੀ ਛਾਉਣੀ ਸ਼੍ਰੀ ਮੁਕਤਸਰ ਸਾਹਿਬ | ਦੋਸ਼ੀ ਨੰ: 02 ਦੀ ਗ੍ਰਿਫਤਾਰੀ ਹੋ ਚੁੱਕੀ ਹੈ | ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਲਖਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਗਲੀ ਨੰਬਰ 6 ਗਾਧੀ ਨਗਰ ਸ੍ਰੀ ਮੁਕਤਸਰ ਸਾਹਿਬ ਸਮੇਤ ਆਪਣੇ ਦੋਸਤ ਦਵਿੰਦਰ ਸਿੰਘ ਉਰਫ ਲਾਲੀ ਪੁੱਤਰ ਪ੍ਰਗਟ ਸਿੰਘ ਵਾਸੀ ਉੱਚਾ ਵੇਹੜਾ ਨੇੜੇ ਨਿਹੰਗਾ ਵਾਲੀ ਛਾਉਣੀ ਸ੍ਰੀ ਮੁਕਤਸਰ ਸਾਹਿਬ ਬਾਹਰੋ ਨਜਾਇਜ ਸ਼ਰਾਬ ਲਿਆ ਕੇ ਲਖਵਿੰਦਰ ਸਿੰਘ ਉਕਤ ਦੇ ਘਰ ਵਿੱਚ ਵੇਚਦੇ ਹਨ ਜੋ ਅੱਜ ਵੀ ਬਾਹਰੋ ਸ਼ਰਾਬ ਨਜੈਜ ਲਿਆ ਕੇ ਲਖਵਿੰਦਰ ਸਿੰਘ ਦੇ ਘਰ ਵਿੱਚ ਵੇਚ ਰਹੇ ਹਨ ਜੇਕਰ ਹੁਣੇ ਹੀ ਲਖਵਿੰਦਰ ਸਿੰਘ ਉਕਤ ਦੇ ਘਰੇ ਰੇਡ ਕੀਤਾ ਜਾਵੇ ਤਾਂ ਇਹ ਉਕਤਾਨ ਆਦਮੀ ਭਾਰੀ ਮਾਤਰਾ ਸ਼ਰਾਬ ਸਮੇਤ ਕਾਬੂ ਆ ਸਕਦੇ ਹਨ।ਇਤਲਾਹ ਮੋਹਤਵਰ ਅਤੇ ਭਰੋਸੇਯੋਗ ਹੋਣ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | 35 ਬੋਤਲਾਂ ਸ਼ਰਾਬ ਨਜੈਜ ਵਜਨੀ 750/750ML | ਸ:ਥ ਰਛਪਾਲ ਸਿੰਘ |
| 4 | ਸਿਟੀ ਸ਼੍ਰੀ ਮੁਕਤਸਰ ਸਾਹਿਬ | 122 ਮਿਤੀ 14.07.2024 ਅ/ਧ 61/1/14 EX ACT | ਸੁਰਗਾਪੁਰੀ ਬਸਤੀ ਸ਼੍ਰੀ ਮੁਕਸਤਰ ਸਾਹਿਬ | ਰੁੱਕਾ ਵੱਲੋ: ਹੌਲਦਾਰ ਨਿਸ਼ਾਨ ਸਿੰਘ | ਗੁਰਮੇਜ ਕੌਰ ਪਤਨੀ ਸਵ: ਜੋਗਿੰਦਰ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਸੁਰਗਾਪੁਰੀ ਬਸਤੀ ਸ਼੍ਰੀ ਮੁਕਤਸਰ ਸਾਹਿਬ | ਬਰਜਮਾਨਤ ਰਿਹਾਅ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਹੌਲਦਾਰ ਨਿਸ਼ਾਨ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਮਲੋਟ ਰੋਡ ਤੋਂ ਕਿਰਤ ਨਗਰ ਹੁੰਦੇ ਹੋਏ ਸੁਰਗਾਪੁਰੀ ਬਸਤੀ ਸ੍ਰੀ ਮੁਕਤਸਰ ਸਾਹਿਬ ਨੂੰ ਜਾ ਰਹੇ ਸੀ ਤਾਂ ਜਦ ਪੁਲਿਸ ਪਾਰਟੀ ਮਲੋਟ ਰੋਡ ਤੋਂ ਕਰੀਬ 500 ਮੀਟਰ ਸੁਰਗਾਪੁਰੀ ਬਸਤੀ ਵਾਲੇ ਪਾਸੇ ਪੁੱਜੀ ਤਾਂ ਸੜਕ ਦੇ ਕਿਨਾਰੇ ਇੱਕ ਬਜੁਰਗ ਔਰਤ ਆਪਣੇ ਕੋਲ ਇੱਕ ਸਫੈਦ ਰੰਗ ਦੀ ਕੈਨੀ ਪਲਾਸਟਿਕ ਰੱਖ ਕੇ ਖੜੀ ਦਿਖਾਈ ਦਿੱਤੀ ਤਾਂ ਸ਼ੱਕ ਦੇ ਅਧਾਰ ਤੇ ਗੱਡੀ ਰੋਕੀ ਤਾਂ ਉਹ ਬਜੁਰਗ ਔਰਤ ਆਪਣੀ ਕੈਨੀ ਪਲਾਸਟਿਕ ਚੁੱਕ ਕੇ ਮੌਕੇ ਤੋਂ ਖਿਸਕਣ ਲੱਗੀ ਤਾਂ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਸ ਬਜੁਰਗ ਔਰਤ ਨੂੰ ਰੋਕ ਕੇ ਨਾਮ੍ਪਤਾ ਪੁੱਛਿਆ, ਜਿਸਨੇ ਆਪਣਾ ਨਾਮ ਗੁਰਮੇਜ ਕੌਰ ਪਤਨੀ ਸਵ: ਜੋਗਿੰਦਰ ਸਿੰਘ ਦੱਸਿਆ। ਗੁਰਮੇਜ ਕੌਰ ਉਕਤ ਦੇ ਕਬਜਾ ਵਿਚਲੀ ਕੈਨੀ ਪਲਾਸਟਿਕ ਰੰਗ ਸਫੈਦ ਦੀ ਤਲਾਸ਼ੀ ਕਰਨ ਤੋਂ ਪਹਿਲਾਂ ਪਬਲਿਕ ਦਾ ਗਵਾਹ ਸ਼ਾਮਲ ਪਾਰਟੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਕੋਈ ਨਾ ਹੋ ਸਕਿਆ। ਫਿਰ ਮਨ ਹੌਲਦਾਰ ਨੇ ਸਾਥੀ ਕਰਮਚਾਰੀਆਂ ਦੀ ਹਾਜਰੀ ਵਿੱਚ ਗੁਰਮੇਜ ਕੌਰ ਉਕਤ ਦੇ ਕਬਜਾ ਵਿਚਲੀ ਕੈਨੀ ਪਲਾਸਟਿਕ ਰੰਗ ਸਫੈਦ ਦਾ ਢੱਕਣ ਖੋਲ ਕੇ ਚੈੱਕ ਕੀਤਾ ਤਾਂ ਉਸ ਵਿੱਚੋਂ ਸ਼ਰਾਬ ਨਜਾਇਜ ਬ੍ਰਾਮਦ ਹੋਈ, ਜਿਸਦੀ ਮਿਣਤੀ ਕਰਨ ਪਰ ਸ਼ਰਾਬ ਨਜਾਇਜ 9-1/4 ਬੋਤਲਾਂ ਸ਼ਰਾਬ ਨਜਾਇਜ ਵਜਨੀ 750/750 ML ਹੋਈਆਂ, ਜਿਸ ਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | 9-1/4 ਬੋਤਲਾਂ ਸ਼ਰਾਬ ਨਜੈਜ ਵਜਨੀ 750/750ML | ਹੌਲਦਾਰ ਨਿਸ਼ਾਨ ਸਿੰਘ |

| | | | | | | | | | |
|---|---|---|---|---|---|---|---|---|---|
| 5 | ਸਿਟੀ ਮਲੋਟ | 108 ਮਿਤੀ 14.07.2024 ਅ/ਧ 21B/61/85 NDPS ACT | ਸ਼ੇਖੂ ਰੋਡ ਮਲੋਟ | ਐਸ ਆਈ ਮੇਜਰ ਸਿੰਘ | 1. ਨਵਪ੍ਰੀਤ ਕੌਰ ਉਰਫ ਨਵੀ ਪਤਨੀ ਪਰਮਿੰਦਰ ਸਿੰਘ ਵਾਸੀ ਭੂੰਦੜ<br>2. ਗੁਰਮੀਤ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਗਲੀ ਨੰ: 20 ਬਾਬਾ ਦੀਪ ਸਿੰਘ ਨਗਰ ਮਲੋਟ | ਹੋ ਚੁੱਕੀ ਹੈ | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਜਦ ਐਸ ਆਈ ਮੇਜਰ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ ਗਸਤ ਕਰਦੇ ਸਮੇ ਸਹਿਰ ਮਲੋਟ ਤੋ ਹੁੰਦੇ ਹੋਏ ਗਲੀ ਨੰਬਰ 20 ਬਾਬਾ ਦੀਪ ਸਿੰਘ ਨਗਰ ਮਲੋਟ ਇਕ ਔਰਤ ਲੜਕੀ ਨਾਲ ਖੜੀ ਪਾਰਦਰਸੀ ਲਿਫਾਫਾ ਨੂੰ ਫਿਰੋਲ ਰਹੀ ਸੀ ਜਿਸ ਨੂੰ ਸੱਕ ਦੀ ਬਿਨਾਹ ਪਰ ਰੋਕ ਕੇ ਚੈਕ ਕੀਤਾ ਜਿਸ ਪਾਸੋ 10 ਗ੍ਰਾਮ ਹੈਰੋਇਨ ਪ੍ਰਾਪਤ ਹੋਈ ਜਿਹਨਾ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | 10 ਗ੍ਰਾਮ ਹੈਰੋਇਨ | ਐਸ ਆਈ ਮੇਜਰ ਸਿੰਘ |
| 6 | ਸਿਟੀ ਮਲੋਟ | 109 ਮਿਤੀ 14.07.2024 ਅ/ਧ 22C/61/85 NDPS ACT | ਪਿੰਡ ਰੱਥੜੀਆ ਤੋ ਮੇਨ ਰੋਡ ਮਲੋਟ ਡੱਬਵਾਲੀ ਰੋਡ | ਸ:ਥ ਗੁਰਾਦਿੱਤਾ ਸਿੰਘ | ਕਿੱਕਰ ਸਿੰਘ ਪੁੱਤਰ ਬਹੇਲ ਸਿੰਘ ਵਾਸੀ ਗੁਰੂਸਰ ਯੋਧਾ ਹਾਲ ਅਬਾਦ ਢਾਣੀ ਕੁੰਦਨ ਸਿੰਘ | ਹੋ ਚੁੱਕੀ ਹੈ | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਜਦ ਪੁਲਿਸ ਪਾਰਟੀ ਪਿੰਡ ਰੱਥੜੀਆ ਤੋ ਮੇਨ ਰੋਡ ਮਲੋਟ ਡੱਬਵਾਲੀ ਰੋਡ ਪੁੱਜੀ ਤਾ ਇੱਕ ਨੌਜਵਾਨ ਆਪਣੇ ਮੋਟਰਸਾਇਕਲ ਪਾਸ ਖੜਾ ਲਿਫਾਫਾ ਵਿਚੋ ਕੁਝ ਫਰੋਲਾ ਫਰਾਲੀ ਕਰ ਰਿਹਾ ਸੀ ਜਿਸ ਨੂੰ ਸ਼ੱਕ ਦੀ ਬਿਨਾਹ ਪਰ ਰੋਕ ਰੋਕ ਕੇ ਤਲਾਸੀ ਕੀਤੀ ਤਾ ਉਸ ਪਾਸੋ 30 ਨਸ਼ੀਲੀਆ ਗੋਲੀਆ ਬ੍ਰਾਮਦ ਹੋਈਆ ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | 30 ਗੋਲੀਆ ਨਸ਼ੀਲੀਆ | ਸ:ਥ ਗੁਰਾਦਿੱਤਾ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ